5/2H

ਬਿਨਾ ਇਜਾਜ਼ਤ ਕੋਈ ਨਾ ਛਾਪੇ



# ਛੇਕ
# ਪ੍ਰਸਾਤਮਾਲੀ

ਕ੍ਰਿਤ ਕਵਿ

ਭਾ: ਅਰਜਨ ਸਿੰਘ ਕੌਮ ਮੈੜ
ਰਾਜਪੂਤ ਪੇਸ਼ਾ ਜਰਗਰਾਂ ਅਮ੍ਰਿਤਸਰ

ਜਿਸਨੂੰ

ਜੋਤ ਸਿੰਘ ਸਤ ਸਿੰਘ
ਪਬਲਿਸ਼ਰ ਪੁਸਤਕਾਂ ਵਾਲੇ
ਲੁਹਾਰੀ ਦਰਵਾਜ਼ਾ ਲਾਹੌਰ ਨੇ
ਛਪਵਾਯਾ

ਸੰ: ੧੯੧੨ ਸਤੰਬਰ ਸ੍ਰੀਗੁਰਬਖਸ਼ ਪ੍ਰੇਸ ਲਾਹੌਰ॥

ਛਾਇਬਾਦ ਤਿਨ ੧੦੦੦

[illegible]

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ ॥

## ਅਥ ਝੋਕ ਪ੍ਰਮਾਤਮਾ ਦੀ ਲਿਖਯਤੇ

ਪਹਿਲਾ ਤੇ ਯਾਦ ਕਰਸਾਂ ਉਸ ਕਰਤਾਰ ਨੂੰ। ਜਿਸ ਨੇ ਪੈਦਾ ਕੀਤਾ ਕੁਲ ਸੰਸਾਰ ਨੂੰ। ਕਰਾਂ ਮੈਂ ਬੰਦਨ ਉਸ ਸ੍ਰਿਜਨਹਾਰ ਨੂੰ। ਜੇਹੜਾ ਹੈ ਕੁਲ ਜੀਆ ਜੂਨ ਬਨਾਂਵਦਾ ॥

ਝੋਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਂਵਦਾ
ਮੂਰਖ ਮਨ ਕਿਉਂ ਨਾਮ ਭੁਲਾਂਵਦਾ

ਭਗਤਾਂ ਤਾਂਈ ਜਦ ਭੀੜ ਹੋ ਜਾਵੇ ਜੀ। ਧਾਰ ਅਵਤਾਰ ਫੇਰ ਸੁਵਾਮੀ ਜੋ ਆਵੇ ਜੀ। ਅਪਨੇ ਭਗਤਾਂ ਦੀ ਤਾਂ ਪਜ ਰਖਾਵੇ ਜੀ। ਦੂਸਰੇ ਪਾਪੀਆਂ ਨੂੰ ਮਾਰ ਮੁਕਾਂਵਦਾ

ਝੋਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਂਵਦਾ
ਮੂਰਖ ਮਨ ਕਿਉਂ ਨਾਮ ਭੁਲਾਂਵਦਾ

ਨਰਸਿੰਘ ਰੂਪ ਸਵਾਮੀ ਸਤਿਜੁਗ ਧਾਰਿਆ। ਪਾਪੀ ਹਰਨਾਕਸ਼ ਤਾਂਈ ਫੜ ਸੀ ਮਾਰਿਆ। ਅਪਨੇ ਭਗਤ ਪ੍ਰਹਿਲਾਦ ਨੂੰ ਤਾਰਿਆ। ਜੇਹੜਾ ਕੋਈ ਧਿਆ

ਓਨੂ ਓਹੀ ਸੁਖ ਪਾਵੰਦਾ॥
ਇਕ ਪ੍ਮਾਤਮਾਂ ਦੀ ਕਿਉ ਨਹੀਂ ਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲਾਵੰਦਾ।
ਵਿਚਰਤੇ ਹੋਏ ਰਾਮ ਅਵਤਾਰਜੀ। ਰਾਵਣਪਾਪੀ ਤਾਈਂ ਦਿਤਾਹੈ ਮਾਰ ਜੀ। ਭਗਤ ਭਭੀਸ਼ਨਤਾਈਂ ਕੀਤਾਸੀਪਿਆਰਜੀ। ਨੈ ਕਾਦੇਵਿਚ ਜੇਹੜਾ ਰਾਜ ਕਮਾਵੰਦਾ॥ਇਕਪ੍ਮਾਤਮਾਦੀਕਿਉਂਨਹੀਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲਾਵੰਦਾ।
ਕ੍ਰਿਸਨਾ ਅਵਤਾਰ ਵਿਚ ਦਵਾਪ੍ਰਦੇਧਾਰਦੇ।ਪਾਪੀ ਜੋਕੰਸਤਾਈਂਹਥੋ ਨੇਮਾਰਦੇ।ਭਾਰਤਕਰਾਕੇ ਭਾਰ ਧਰਤੀਉਤਾਰਦੇ। ਗੋਪੀਆਂ ਸੰਗਨਿਤਰਾਸ ਮਚਾ ਵੰਦੇ॥ ਇਕ ਪ੍ਮਾਤਮਾ ਦੀ ਕਿਉਂ ਨਹੀਂ ਲਾਵੰਦਾ
ਮੂਰਖਮਨ ਕਿਉਂ ਨਾਮ ਭੁਲਾਵੰਦਾ॥
ਕਲਜੁਗ ਵਿਚ ਹੋਏ ਪਾਪ ਜੋ ਘੋਰਜੀ। ਟੁਟੀਸੀ ਆਕੇਧਰਮਦੀਡੋਰਜੀ।ਭਗਤਾਂਮਚਾਇਆਫੇਰਆ ਨਜੋਜ਼ੋਰਜੀ। ਨਾਨਕਅਵਤਾਰਸ੍ਵਾਮੀਫੇਰਹੋਵੰਦਾ
ਇਕ ਪ੍ਮਾਤਮਾ ਦੀ ਕਿਉਂ ਨਹੀ ਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲਾਵੰਦਾ।

Digitized by Panjab Digital Library | www.panjabdigilib.org

ਕਲਜੁਗ ਵਿਚ ਲੀਤਾ ਨਾਨਕ ਅਵਤਾਰ ਜੀ ਆਨ ਕੇ
ਤਾਰਿਆ ਜਿਸ ਨੇ ਕੁਲ ਸੰਸਾਰ ਜੀ। ਨਾਮ ਦਾ ਖੋਲ ਦਿ
ਤਾ ਭੰਡਾਰ ਜੀ। ਕਲੂ ਦੇ ਜੀਵਾਂ ਤਾਈਂ ਬੰਨੇ ਜੋ ਲਾਂਵਦਾ
ਇਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਂਵਦਾ
ਮੂਰਖ ਮਨ ਕਿਉਂ ਨਾਮ ਭੁਲਾਂਵਦਾ।
ਨਾਨਕ ਅਵਤਾਰ ਫੇਰ ਕਲੂ ਮੇ ਧਾਰਿਆ। ਅੰਗਦ ਦੂ
ਜੇ ਫੇਰ ਸਮਝ ਪਿਆਰਿਆ। ਅਮਰਦਾਸ ਗੁਰੂ ਭੀ
ਵਿਚਾਰਿਆ। ਡੇਰਾ ਜੋ ਗੋਇੰਦਵਾਲ ਵਿਖੇ ਲਗਾਂਵੇ
ਦਾ॥ ਇਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਂਵਦਾ
ਮੂਰਖ ਮਨ ਕਿਉਂ ਨਾਮ ਭੁਲਾਂਵਦਾ॥
ਚੌਥੇ ਤਾਂ ਰਾਮਦਾਸ ਗੁਰੂ ਕਹਾਏ ਜੀ। ਸੁਧਾਸਰ
ਵਿਖੇ ਡੇਰੇ ਲਾਏ ਜੀ। ਪੰਜਵੇਂ ਗੁਰੂ ਫੇਰ ਅਰਜਨ ਸਦਾ
ਏ ਜੀ। ਤਰਨਤਾਰਨ ਜੀ ਦੀ ਮਸਿਆ ਜਾਂਵਦਾ॥
ਇਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਂਵਦਾ
ਮੂਰਖ ਮਨ ਕਿਉਂ ਨਾਮ ਭੁਲਾਂਵਦਾ।
ਛੇਵੇਂ ਤਾਂ ਗੁਰੂ ਹਰਗੋਬਿੰਦ ਪਛਾਨ ਜੀ। ਭਗਤ ਖਾਤਰ
ਜੇਹੜੇ ਹੋਏ ਕੁਰਬਾਨ ਜੀ। ਦੁਸ਼ਟਾਂ ਮਾਰ ਅੰਗ ਭਗ
ਤਾ ਲਗਾਨ ਜੀ। ਜਿਨਾ ਦਾ ਜਸ ਪਿਆ ਜਗ ਹੈ ਗਾਂਵੇ

Digitized by Panjab Digital Library | www.panjabdigilib.org

ਦਾ। ਝੋਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲਾਵੰਦਾ।
ਸਤਵੇਂ ਗੁਰ ਫਿਰ ਹੋਏ ਹਰ ਰਾਇ ਜੀ। ਹਰਕ੍ਰਿਸ਼ਨ
ਗੁਰੂ ਅਠਵੇਂ ਆਏ ਜੀ। ਛੋਟੀ ਉਮਰ ਜੋਤੀ ਜੋਤ
ਸਮਾਏ ਜੀ। ਜਿਨਾਂ ਦਾ ਨਾਮ ਲਿਆ ਦੁਖ ਹੈ ਜਾਵੰਦਾ॥
ਝੋਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲਾਵੰਦਾ॥
ਤੇਗ ਬਹਾਦਰ ਹੋਏ ਨੌਵੇਂ ਅਵਤਾਰ ਜੀ। ਪਾਪੀਆ
ਤਾਈਂ ਜਿਨਾ ਦਿਤਾ ਹੈ ਮਾਰ ਜੀ। ਅਪਨੇ ਸੇਵਕਾਂ ਦੀ
ਲੀਤੀ ਨੇ ਸਾਰ ਜੀ। ਰਖ ਕੇ ਧਰਮ ਦੇਖੋ ਸੀਸ ਗਵਾਵੰ
ਦਾ॥ ਝੋਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲਾਵੰਦਾ॥
ਗੁਰੂ ਗੋਬਿੰਦ ਸਿੰਘ ਦਸਵੇਂ ਜਾਨ ਜੀ। ਮੀਰੀ ਪੀਰੀ
ਵਿਚ ਸਵਾ ਜੋਧਾਨ ਜੀ। ਧਰਮ ਦੀ ਆ ਕੇ ਜਿਨਾ ਰਖੀ
ਹੈ ਆਨ ਜੀ। ਖਾਲਸਾ ਤਵਾਰੀਖ ਪਿਆ ਬਤਾਵੰਦਾ।
ਝੋਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲਾਵੰਦਾ॥
ਖਾਤ੍ਰ ਧਰਮ ਦਿਤੇ ਬੇਟੇ ਨੇ ਚਾਰ ਜੀ। ਡੁਬਦੀ ਹਿੰਦ

Digitized by Panjab Digital Library | www.panjabdigilib.org

ਤਾਂਈ ਲਿਆ ਜੋਤਾਰਜੀ । ਧਰਮਦੀ ਖਾਤ੍ਕੀਤੇ ਬੜੇ
ਉਪਕਾਰਜੀ । ਖਾਲਸਾ ਪੰਥਤੀ ਜਾ ਓਹੀ ਸਜਾਵੇ
ਦਾ ॥ ਝੋਕ ਪ੍ਰਮਾਤਮਾ ਦੀ ਕਿਊਂ ਨਹੀਂ ਲਾਂਵੰਦਾ
ਮੂਰਖ ਮਨ ਕਿਉਂ ਨਾਂਮ ਭੁਲਾਵੰਦਾ ॥
ਗੁਰੂਗ੍ਰੰਥ ਗਿਆਰਵਾਂਮਾਨਜੀ । ਦਸਾਂ ਹੀ ਗੁਰਵਾਂ
ਜਿਨੂੰਕੀਤਾ ਇਲਾਨਜੀ । ਜਿਸਨੂੰ ਸੇਵੇ ਅਜਕਲ
ਜਹਾਨਜੀ । ਓਸਦੇਤਾਈਂ ਮੈਂ ਭੀ ਸੀਸ ਝੁਕਾਵੰਦਾ ।
ਝੋਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲ ਵੰਦਾ ।
ਨਾਮਦੀ ਝੋਕ ਲਾਈ ਭਗਤ ਕਬੀਰ ਜੀ । ਜਿਸਦੀ
ਦੁਨਜਾਂ ਵਿਚ ਪੈਗਈ ਵਹੀਰਜੀ । ਨਾਮਨੂੰ ਜਪ ਬੈਠੇ
ਪੀਰ ਫਕੀਰਜੀ । ਗੀਤ ਗੋਬਿੰਦ ਭਲਾ ਕਿਉਂ ਨਹੀਂ
ਤੂਗਾਮਦਾ । ਝੋਕ ਪ੍ਰਮਾਤਮਾ ਤੀ ਕਿਉਂ ਨਹੀ ਲਾਵੰਦਾ
ਮੂਰਖ ਮਨ ਕਿਉਂ ਨਾਖ ਭੁਲਾਵੰਦਾ ॥
ਝੋਫਤਾ ਗਾਈ ਆਕੇ ਸਦਨੇ ਕਸਾਈ ਜੀ । ਛੁਰੀ ਚ-
ਲਾਨੀ ਫੇਰ ਉਸਨੇ ਹਟਾਈ ਜੀ । ਜਪਕੇ ਨਾਮ ਦੇਖੋ
ਮੂਕਤੀ ਪਾਈ ਜੀ । ਜਪਦਾ ਨਾਮ ਜੇਹੜਾ ਸੋਈ ਤਰ
ਲਾਵੰਦਾ । ਝੋਕ ਪ੍ਰਮਾਤਮਾ ਦੀ ਕਿਉਂ ਨਹੀ ਲਾਵੰਦਾ

Digitized by Panjab Digital Library | www.panjabdigilib.org

ਮੂਰਖ ਮਨ ਕਿਉਂ ਨਾਮ ਭੁਲ ਵੈਂਦਾ ॥
ਧੰਨਾ ਤੇ ਜਟ ਦੇਖੋ ਇਸ਼ਕ ਲਗਾਂਵਦਾ। ਪਥਰਾਂ ਵਿਚੋਂ ਆਹੇ ਰਬ ਨੂੰ ਪਾਂਵਦਾ। ਤਰਕੇ ਆਪ ਫੇਰ ਬਿਪਰ ਤ੍ਰਾਂਵਦਾ। ਲਸੀ ਦਾ ਛੰਨਾ ਪਿਆਕੇ ਗਊ ਵਾਂਚਰਾਂਵਦਾ
ਇਸ਼ਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਂਵਦਾ
ਮੂਰਖ ਮਨ ਕਿਉਂ ਨਾਮ ਭੁਲਾਵੈਂਦਾ ॥
ਇਸ਼ਕ ਲਗਾਈ ਮੀਰਾਂ ਬਾਈ ਨੇ ਆਨ ਜੀ। ਨਾਮਦੇ ਇਸ਼ਕ ਵਿਚ ਹੋਏ ਗਲਤਾਨ ਜੀ। ਜਹਿਰ ਪਿਆਲਾ ਗਲ ਕਰੇਰ ਵਾਨ ਜੀ। ਪੀ ਵੇਖਾ ਮੀਰਾਂ ਬਾਈ ਅਮ੍ਰਿਤ ਹੋ ਜਾਂਵਦਾ। ਇਸ਼ਕ ਪ੍ਰਮਾਤਮਾਂ ਦੀ ਕਿਉਂ ਨਹੀ ਲਾਂਵਦਾ।
ਮੂਰਖ ਮਨ ਕਿਉਂ ਨਾਮ ਭੁਲਾਵੈਂਦਾ।
ਨਾਮ ਦੇਓ ਆਨ ਜਦ ਇਸ਼ਕ ਲਗਾਈ ਸੀ। ਨਾਮਦੇ ਜੋਰ ਫੇਰ ਗਊ ਜਵਾਈ ਸੀ। ਨਾਮ ਦੀ ਹਰ ਵੇਲੇ ਦੇਂਦਾ ਦੁਹਾਈ ਸੀ। ਨਾਮ ਬਗੈਰ ਹੋਰ ਕੁਝ ਨਹੀ ਭਾਂਵਦਾ॥
ਇਸ਼ਕ ਪ੍ਰਮਾਤਮਾਂ ਦੀ ਕਿਉਂ ਨਹੀ ਲਾਂਵਦਾ
ਮੂਰਖ ਮਨ ਕਿਉਂ ਨਾਮ ਭੁਲਾਵੈਂਦਾ ॥
ਨਾਮਦੀ ਇਸ਼ਕ ਰਵਦਾਸ ਲਗਾਈ ਸੀ। ਪਥਰ ਨੂੰ ਚਕਰੇਰ ਗੰਗਾ ਵਗਾਈ ਸੀ। ਨਾਮਦੇ ਵਿਚ ਐਸੀ ਲਿਵ

Digitized by Panjab Digital Library | www.panjabdigilib.org

ਚਾਲਾਈਸੀ।ਇਕੋਬਰਮਸਾਰੇਨਿਗਾਂਸੀਆਵੰਦਾ
ਸ਼ੌਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲਾਵੰਦਾ।
ਕੀਦਾ ਤੇ ਕੀਦਾਤੁਹਾਨੂਨਾਮ ਗਨਾਵਾਂਜੀ। ਇਸਤਾਂ
ਧਰਤੀਉਤੇਅੰਤਨਾਪਾਵਾਂਜੀ। ਓਦੇਤਾਂਉਤੋਂਬਲਿ
ਹਾਰੇ ਮੈ ਜਾਵਾਂਜੀ। ਜੇਹਿੜਾਹੈਸ਼ੌਕ ਨਿਤ ਨਾਮਦੀ
ਗਾਵੰਦਾ। ਸ਼ੌਕਪ੍ਰਮਾਤਮਾਦੀਕਿਉਨਹੀ ਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲਾਵੰਦਾ।
ਦਿਨਤੇਰਾਤਨਿਤਪਾਪਕਮਾਵੇਤੂ। ਕਦੀਨਾ ਨਾਮ
ਮੂਰਖ ਓਸਦਾ ਧਿਆਵੇਂ ਤੂ। ਧੰਦਿਆਂਵਿਚਨਿਤ
ਜਾਨਖਪਾਵੇਤੂ। ਕਦੇਨਾਤੈਨੂਰਬਦੇਤੇਭੀਆਵੰਦਾ।
ਸ਼ੌਕ ਪ੍ਰਮਾਤਮਾਂ ਦੀ ਕਿਉਂ ਨਹੀ ਲਾਵੰਦਾ
ਮੂਰਖ ਮਨ ਕਿਉਂ ਨਾਮ ਭੁਲਾਵੰਦਾ॥
ਵੇਖਲੈਮੂਰਖਮਨਕਰਵਿਚਾਰ ਓਏ। ਕੇਹੜੀ ਤੂ
ਕੀਤੀਇਥੇਭਲੀਆਕਾਰਓਏ। ਪਾਪਾਂਦੇ ਕਰਨੇ
ਵਿਚ ਰਿਓਤਿਆ ਹਓਏ। ਨੇਕੀਤਾਂਕਰਨੇਦਾਕੁਝ
ਖਿਆਲ ਨਾ ਆਵੰਦਾ॥
ਸ਼ੌਕ ਪ੍ਰਮਾਤਮਾ ਦੀ ਕਿਉਂ ਨਹੀ ਲਾਵੰਦਾ

Digitized by Panjab Digital Library | www.panjabdigilib.org

ਮੂਰਖ ਮਨ ਕਿਉਂ ਨਾਮ ਭੁਲਾਵੰਦਾ ॥

ਜਿਨਾਂ ਨੇ ਕੀਤੀ ਇਥੇ ਭਲੀ ਕਮਾਈ ਜੀ । ਓਨਾਂ ਦੀ ਹੋਵੇ ਹਰ ਜਗਾ ਵਿਡਾਈ ਜੀ । ਇਥੇ ਤੇ ਓਥੇ ਫੇਰ ਹੋਵੇ ਸਹਾਈ ਜੀ । ਵੇਦ ਗ੍ਰੰਥ ਸਭੀ ਇਹੋ ਬਤਾਵੰਦਾ ॥

ਝੋਕ ਪ੍ਰਮਾਤਮਾ ਦੀ ਕਿਉਂ ਨਹੀ ਲਾਵੰਦਾ

ਮੂਰਖ ਮਨ ਕਿਉਂ ਨਾਮ ਭੁਲਾਵੰਦਾ ॥

ਜਨਮ ਸੀ ਤੇਰਾ ਹੀਰੇ ਜੈਸਾ ਪਿਆਰਿਆ । ਮਾਯਾ ਦੇ ਪਿਛੇ ਲਗ ਖਾਕ ਮੇ ਡਾਰਿਆ । ਓਹਦਾ ਖਿਆਲ ਆਕੇ ਦਿਲੋਂ ਵਿਸਾਰਿਆ । ਜੇਹੜਾ ਹੈ ਤੇਰੀ ਕੁਲ ਤਾਈਂ ਪੁਚਾਵੰਦਾ ॥

ਝੋਕ ਪ੍ਰਮਾਤਮਾ ਦੀ ਕਿਉਂ ਨਹੀ ਲਾਵੰਦਾ

ਮੂਰਖ ਮਨ ਕਿਉਂ ਨਾਮ ਭੁਲਾਵੰਦਾ ॥

ਮਾਈ ਤੇ ਬਾਪ ਹੋਰ ਘਰਦੀ ਨਾਰ ਜੀ ਪੁਤ੍ਰ ਧੀਆਂ ਸਣੇ ਕੁਲ ਪਰਵਾਰ ਜੀ । ਜਿਨਾਂ ਦੇ ਤਾਈਂ ਨਿਤ ਕਰੇ ਪਿਆਰ ਜੀ ਪੈਸੇ ਬਗੈਰ ਨਹੀ ਓ ਕੋਈ ਬੁਲਾਵੰਦਾ ॥

ਝੋਕ ਪ੍ਰਮਾਤਮਾ ਦੀ ਕਿਉਂ ਨਹੀ ਲਾਵੰਦਾ

Digitized by Panjab Digital Library | www.panjabdigilib.org

ਮੂਰਖ ਮਨ ਕਿਉਂ ਨਾਮ ਭੁਲਾਵੇਂਦਾ ॥
ਪੈਸੇ ਦਾ ਯਾਰ ਤੇਰਾ ਕੁਲ ਸੰਸਾਰ ਜੀ ।
ਪੈਸੇ ਬਗੈਰ ਤੈਨੂੰ ਕਹਿਨ ਗਵਾਰ ਜੀ । ਅਜੇ ਭੀ ਨਾਮ ਜਪੀਂ ਹੋਏ ਹੁਸ਼ਿਆਰ ਜੀ । ਸਿਰ ਤੇ ਕਾਲ ਤੇਰੇ ਡੰਕਾ ਬਜਾਵੇਂਦਾ ॥
ਝੋਕ ਪ੍ਰਮਾਤਮਾ ਦੀ ਕਿਉਂ ਨਹੀ ਲਾਵੇਂਦਾ ।
ਮੂਰਖ ਮਨ ਕਿਉਂ ਨਾਮ ਭੁਲਾਵੇਂਦਾ ॥
ਪੀਰ ਫਕੀਰ ਸਭ ਕਾਲ ਖਪਾਏਜੀ । ਕਾਲਦੇ ਅਗੇ ਕੋਈ ਪੇਸ਼ ਨਾਂ ਜਾਏ ਜੀ । ਅਪਨੀ ਜਾਨ ਓਹੀ ਇਥੋਂ ਬਚਾਏ ਜੀ। ਨਾਮ ਗੋਬਿੰਦ ਜੇਹੜਾ ਨਿਤ ਹੈ ਗਾਂਵਦਾ ॥
ਝੋਕ ਪ੍ਰਮਾਤਮਾ ਦੀ ਕਿਉਂ ਨਹੀਂ ਲਾਵੇਂਦਾ
ਮੂਰਖ ਮਨ ਕਿਉਂ ਨਾਮ ਭੁਲਾਂਵਦਾ ॥
ਮੇਰੀ ਤੂ ਮੇਰੀ ਬੰਦੇ ਨਿਤ ਕਰੇਂਓਏ । ਸਾਹਿਬਦੇ ਰੰਗਾਂਕੋਲੋਂ ਕਦੇਨਾਡਰਓਏ । ਪਾਪਾਂਦੀਆਂ ਪੰਡਾਂ ਸਿਰਕਾਸਨੂ ਧਰੇਂਓਏ। ਨਾਮ ਬਗੈਰ ਨਹੀਓਂ ਲੰਗਿਆ ਜਾਵੇਂਦਾ ॥
ਝੋਕ ਪ੍ਰਮਾਤਮਾ ਦੀ ਕਿਉਂ ਨਹੀ ਲਾਵੇਂਦਾ

Digitized by Panjab Digital Library | www.panjabdigilib.org

ਮੂਰਖ ਮਨ ਕਿਉਂ ਨਾਮ ਭੁਲਾਵੰਦਾ ॥
ਹਕਹਲਾਲਨਿਤਕਰਮਜੂਰੀਤੂ । ਦਿਲਦੇ ਵਿਚੋਂ
ਕਡ ਛਡ ਗਰੂਰੀਤੂ । ਕਰਕੇ ਪਾਪ ਕਾਹਨੂੰ ਕਰੇਂ
ਮਸੂਰੀਤੂ । ਮਾਨਸ ਜਨਮ ਫੇਰ ਹਥ ਨਾ ਆਵੰਦਾ ॥
ਅਰਜਨਸਿੰਘਕਹੇਮੁਖੋਂਪੁਕਾਰਜੀ । ਜਪੋਖਾਂਨਾਮ
ਤੁਸੀਂਬੈਠਕਰਤਾਰਜੀ । ਜਿਸਨੇਬੇੜਾਸਾਡਾਕੂਨਾ
ਪਾਰਜੀ । ਕਲੂਦੇ ਵਿਚ ਇਕੋ ਨਾਮ ਤਰਾਵੰਦਾ ।

ਝੋਕ ਪ੍ਰਮਾਤਮਾਂ ਦੀ ਕਿਉਂ ਨਹੀ ਲਾਂਵਦਾ
ਮੂਰਖ ਮਨ ਕਿਉਂ ਨਾਮ ਕੁਲਾਂਵਦਾ ॥

ਦੋਹਿਰਾ ॥ ਝੋਕ ਕਹੀ ਪ੍ਰਮਾਤਮਾਂ ਅਰਜਨ
ਸਿੰਘ ਉਚਾਰ । ਅਮ੍ਰਿਤਸਰ ਕੇ ਬੀਚ ਮੇਂ ਪੇਸ਼ਾ
ਕਰੇ ਸੁਨਾਰ ॥ ਦੋਹਿਰਾ ॥ ਭੂਲ ਦਾਸਮੇ ਬਹੁਤ
ਹੈ ਸੁਣੋ ਸਭੀ ਬੁਧਵਾਨ । ਪੜੀਓ ਇਸ ਕੋ
ਸੋਧਕੇ ਕਵਕੋ ਸਮਝ ਨ ਧਾਨ । ਦੋਹਿਰਾ ॥
ਪ੍ਰਭੂ ਨਾਥ ਰੁਤਦੀਪ ਜੋ ਸੰਮਤ ਬਿਕਰਮਖਾਨ।
ਵਿਚ ਮਹੀਨੇ ਮੀਨ ਕੇ ਝੋਕ ਸੰਪੂਰਨ ਜਾਨ ॥
ਦੋਹਿਰਾ ॥ ਦਰਵਾਜਾ ਸੁਲਤਾਨ ਵਿੰਡ ਅਮ੍ਰਤ

Digitized by Panjab Digital Library | www.panjabdigilib.org

ਸਰ ਮੈ ਜਾਨ। ਲਾਗੇ ਕਟੜਾ ਜਲਿਆ ਕਰਾਂ ਉਹਾਂ ਗੁਜਰਾਨ॥

# ਭਜਨ

ਟੇਕ ॥ ਸਚਦਾਨੰਦ ਹੈ ਗਿਰਧਾਰੀ। ਜੋ ਹੈ ਭਗਤੋਂ ਕਾ ਹਿਤਕਾਰੀ॥ ਕਲੀ ॥ ਸਤਿਜੁਗ ਦੇ ਵਿਚ ਆਨਕੇ ਕੀਆ ਹਰਨਾਕਸ਼ ਜੋਰ। ਦੇਕੇ ਦੁਖ ਪਰਲਾਦ ਕੋ ਤੋੜੀ ਧਰਮ ਕੀ ਡੋਰ। ਤਬੀ ਸੇ ਰੂਪ ਨਰਸਿੰਘ ਹੈ ਧਾਰੀ। ਸਚਦਾਨੰਦ ਹੈ ਗਿਰਧਾਰੀ। ਜੋ ਹੈ ਭਗਤੋਂ ਕਾ ਹਿਤਕਾਰੀ॥ ਕਲੀ ॥ ਵਿਚ ਤੇਰੇਤੇ ਆਨ ਕੇ ਲੀਆ ਰਾਮ ਅਵਤਾਰ। ਭਗਤ ਭਭੀਛਣ ਸਾਰ ਕੇ ਲੀਨਾ ਰਾਵਣ ਮਾਰ। ਦਰਸ ਦੇ ਸਗਲੀ ਜਗਤਾਰੀ। ਸਚ ਦਾ ਨੰਦ ਹੈ ਗਿਰਧਾਰੀ। ਜੋ ਹੈ ਭਰਤੋਂ ਕਾ ਹਿਤਕਾਰੀ॥ ਕਲੀ ॥ ਕਿਸ਼ਨ

Digitized by Panjab Digital Library | www.panjabdigilib.org

ਰੂਪ ਫੇਰ ਆਨ ਕੇ ਲੀਯਾ ਦੁਵਾਪਰ ਧਾਰ। ਕੰਸ ਦੁਸ਼ਟ ਕੋ ਮਾਰਕੇ ਲੀਲ੍ਹਾ ਕਰੀ ਅਪਾਰ। ਸੰਗ ਲੈ ਰਾਧੇ ਜੀ ਪਿਆਰੀ। ਸਚ ਦਾ ਨੰਦ ਹੈ ਗਿਰਧਾਰੀ। ਜੋ ਹੈ ਭਗਤੋਂ ਕਾ ਹਿਤਕਾਰੀ॥ ਕਲੀ ॥ ਕਲ ਜੁਗ ਦੇ ਵਿਚ ਆਨਕੇ ਗੁਰੂ ਨਾਨਕ ਲੀਯਾ ਅਵਤਾਰ ਰਾਮ ਨਾਮ ਕਾ ਬੀਜ ਜੋ ਹਰ ਥਾਂ ਦੀਆ ਖਲਾਰ। ਜਾਏ ਸਿਧਿਆਂ ਤੇ ਜਨ ਬਲਿਹਾਰੀ। ਸਚ ਦਾ ਨੰਦ ਹੈ ਗਿਰਧਾ ਰੀ। ਜੋ ਹੈ ਭਗਤੋਂ ਕਾ ਹਿਤਕਾਰੀ॥

## ਭਜਨ

ਟੇਕ॥ ਧੰਨ ਗੁਰੂ ਨਾਨਕ ਨਿਰੰਕਾਰੀ। ਸਗਲ ਜਿਸ ਸ੍ਰਿਸ਼ਟੀ ਹੈ ਤਾਰੀ॥ ਕਲੀ॥ ਕਲੂ ਕਾਲ ਜਬ ਭਏ ਆਨਕੇ ਅਪਨਾ ਕੀਨੋ ਜੋਰ। ਭਗਤੋਂ ਕੋ ਦੁਖ ਜਬ ਹੂਵਾ ਤਬੀ ਮਚਾਇਓ ਸੋਰ। ਕਰੋ ਆ ਰਛਿਆ ਗਿਰਧਾਰੀ। ਸਗਲ ਜਿਸ ਸ੍ਰਿਸਟੀ ਹੈ ਤਾਰੀ॥ ਕਲੀ॥ ਭਗਤੋਂ ਕਾ ਦੁਖ

Digitized by Panjab Digital Library | www.panjabdigilib.org

ਵੇਖਕੇ ਮਨ ਮੇਂ ਕਰੀ ਬਿਚਾਰ। ਵਿਚ ਤਲਵੰਡੀ ਆਨਕੇ ਨਾਨਕ ਭਏ ਅਵਤਾਰ । ਕਰੇਂ ਮੰਗਲਾ ਸਭ ਨਰ ਨਾਰੀ । ਸਗਲ ਜਿਸ ਸ੍ਰਿਸਟੀ ਹੈ ਤਾਰੀਂ ॥ ਕਲੀ ॥ ਬੀਜ ਨਾਮਦਾ ਗੁਰਾਂਨੇ ਹਰਥਾਂ ਦੀਨਾ ਬੋ। ਜੋ ਕੋਈ ਜਪਸੀ ਨਾਮ ਕੋ ਪਾਰ ਉਤਾਰਾ ਹੋ। ਐਸੀ ਪ੍ਰਭੁ ਬਾਣੀ ਉਚਾਰੀ। ਧੰਨ ਗੁਰ ਨਾਨਕ ਨਿਰੰਕਾਰੀ। ਸਗਲ ਜਿਸ ਸ੍ਰਿਸ਼ਟੀ ਹੈ ਤਾਰੀ ॥ ਕਲੀ ॥ ਹਾਥ ਜੋੜ ਕੇ ਬੇਨਨ ਅਰਜਨ ਸਿੰਘ ਕਰੇ। ਜੋ ਕੋਈ ਜਪਸੀ ਨਾਮ ਕੋ ਸੋਈ ਕਲੂਮੇ ਤਰੇ। ਨਾਮ ਕੀ ਮਹਿਮਾਂ ਬੜੀ ਭਾਰੀ। ਸਗਲ ਜਿਸ ਸ੍ਰਿਸ਼ਟੀ ਹੈ ਤਾਰੀ। ਧੰਨ ਗੁਰੂ ਨਾਨਕ ਨਿਰੰਕਾਰੀ ॥

ਸੰਪੂਰਣ

Digitized by Panjab Digital Library | www.panjabdigilib.org

# ਵਿਗਯਾਪਨ

ਪ੍ਰਗਟ ਹੋਵੇ ਕਿ ਸਾਡੀ ਦੁਕਾਨ ਤੋਂ ਹਰ ਪ੍ਰਕਾਰ ਦੇ ਪੁਸਤਕ ਸੁਧ ਤੇ ਸਸਤੇ ਬੜੀ ਰਿਆਇਤ ਨਾਲ ਮਿਲ ਸਕਦੇ ਹਨ। ਜਿਸ ਸਜਨਾਂ ਨੂੰ ਲੋੜ ਹੋਵੇ ਹੇਠ ਲਿਖੇ ਪਤੇ ਪਰ ਮੰਗਾ ਲੈਨ॥

ਜੋਤਸਿੰਘ ਸੰਤਸਿੰਘ ਪੁਸਤਕਾਂਵਾਲੇ
ਲੁਹਾਰੀ ਦਰਵਾਜ਼ਾ ਲਾਹੌਰ

B-22548

Digitized by Panjab Digital Library | www.panjabdigilib.org